ਵਿਸ਼ਾ ਪੰਜਾਬੀ ਸ਼੍ਰੇਣੀ ਅੱਠਵੀਂ ਮਹੀਨਾ ਅਪ੍ਰੈਲ ਸਾਲ 2020

## ਪਾਠ ਨੰਬਰ 1 ਜੈ ਭਾਰਤ ਮਾਤਾ (ਕਵਿਤਾ)



ਪ੍ਰਸ਼ਨ :-ਇਸ ਕਵਿਤਾ ਵਿੱਚ ਕਿਹੜੇ-ਕਿਹੜੇ ਦੇਸ਼ ਭਗਤਾਂ ਦਾ ਜ਼ਿਕਰ ਆਇਆ ਹੈ?

ਉੱਤਰ:-ਇਸ ਕਵਿਤਾ ਵਿੱਚ ਸ.ਭਗਤ ਸਿੰਘ, ਸ.ਉਧਮ ਸਿੰਘ, ਕਰਤਾਰ ਸਿੰਘ ਸਰਾਭਾ, ਲਾਲਾ ਲਾਜਪਤ ਰਾਏ, ਸ਼ਿਵਾ ਜੀ, ਮਹਾਰਾਣਾ ਪ੍ਰਤਾਪ ਵਰਗੇ ਦੇਸ਼ ਭਗਤਾਂ ਦਾ ਜਿਕਰ ਆਇਆ ਹੈ।

ਪ੍ਰਸ਼ਨ :-ਇਸ ਕਵਿਤਾ ਵਿੱਚ ਦੇਸ਼ ਦੀ ਅਜ਼ਾਦੀ ਦੇ ਇਤਿਹਾਸ ਨਾਲ ਸੰਬੰਧਿਤ ਕਿਹੜੀਆਂ ਥਾਵਾਂ ਦਾ ਵਰਨਣ ਹੈ?

ਉੱਤਰ:-ਇਸ ਕਵਿਤਾ ਵਿੱਚ ਹਲਦੀ ਘਾਟੀ,ਸੋਮਨਾਥ ਦੇ ਮੰਦਰ,ਰਾਜਪੂਤਾਨੀ ਖੰਡਰ, ਜਲ੍ਹਿਆਂ ਵਾਲਾ ਬਾਗ ਵਰਗੀਆਂ ਇਤਿਹਾਸਿਕ ਥਾਂਵਾਂ ਦਾ ਵਰਨਣ ਹੈ।

### ਔਖੇ ਸ਼ਬਦਾਂ ਦੇ ਅਰਥ ਲਿਖੋ।

ਸੰਗ : ਨਾਲ

ਗਾਥਾ : ਕਹਾਣੀ

ਚੰਡੀ : ਦੁਰਗਾ ਦੇਵੀ

ਛਾਬਾ : ਤੱਕੜੀ ਦਾ ਇੱਕ ਪਲੜਾ

ਸਾਕਾ : ਇਤਿਹਾਸ ਵਿੱਚ ਵਾਪਰੀ ਅਹਿਮ ਘਟਨਾ

ਤਵਾਰੀਖ਼ : ਇਤਿਹਾਸ

ਅਣਖ : ਗ਼ੈਰਤ

ਖੰਡਰ : ਡਿੱਗੀ-ਢੱਠੀ ਇਮਾਰਤ

ਅਮਰ : ਜੋ ਮਰੇ ਨਾ

## ਪਾਠ-2 ਪੇਮੀ ਦੇ ਨਿਆਣੇ



ਪ੍ਰਸ਼ਨ :- ਲੇਖਕ ਅਤੇ ਉਸਦੀ ਭੈਣ ਨੂੰ ਬਚਪਨ ਵਿੱਚ ਹਰ ਰੋਜ਼ ਕਿੱਥੇ ਜਾਣਾ ਪੈਂਦਾ ਸੀ ਅਤੇ ਕਿਉਂ?

ਉੱਤਰ:- ਲੇਖਕ ਅਤੇ ਉਸਦੀ ਭੈਣ ਨੂੰ ਬਚਪਨ ਵਿੱਚ ਹਰ ਰੋਜ਼ ਬਾਪੂ ਅਤੇ ਕਾਮੇ ਦੀ ਰੋਟੀ ਦੇਣ ਖੇਤਾਂ ਵਿੱਚ ਜਾਣਾ ਪੈਂਦਾ ਸੀ।

ਪ੍ਰਸ਼ਨ :-ਬੱਚਿਆਂ ਨੂੰ ਕਿਹੜੀ ਗੱਲ ਭੈ-ਸਾਗਰ ਲੱਗਦੀ ਸੀ ਅਤੇ ਕਿਉਂ?

ਉੱਤਰ:- ਬੱਚਿਆਂ ਨੂੰ ਜਰਨੈਲੀ ਸੜਕ ਪਾਰ ਕਰਨੀ ਭੈ-ਸਾਗਰ ਲਗਦੀ ਸੀ ਕਿਉਂਕਿ ਇਸ ਸੜਕ ਵਿੱਚੋਂ ਜਾਂਗਲੀਆਂ, ਪਠਾਣਾਂ, ਰਾਸ਼ਿਆਂ ਅਤੇ ਹੋਰ ਪਰਦੇਸੀਆਂ ਦਾ ਲਾਂਘਾ ਸੀ।

ਪ੍ਰਸ਼ਨ :-ਲੇਖਕ ਕਿਹੜੀਆਂ ਹੱਲਾਂ ਨੂੰ ਨਰਕ ਤੇ ਕਿਹੜੀਆਂ ਨੂੰ ਸੁਰਗ ਆਖਦਾ ਸੀ ?

ਉੱਤਰ:- ਲੇਖਕ ਸਕੂਲ ਤੇ ਖੇਤਾਂ ਵਿੱਚ ਰੋਟੀ ਦੇਣ ਜਾਣਾ ਨੂੰ ਨਰਕ ਅਤੇ ਖੇਡ ਨੂੰ ਸੁਰਗ ਆਖਦਾ ਸੀ।

ਪ੍ਰਸ਼ਨ :- ਲੇਖਕ ਅਤੇ ਉਸਦੀ ਭੈਣ ਨੇ ਸੜਕ ਪਾਰ ਕਰਨ ਦੇ ਡਰ ਨੂੰ ਦਬਾਉਣ ਲਈ ਕਿਹੜਾ ਤਰੀਕਾ ਸੋਚਿਆ?

ਉੱਤਰ:-ਲੇਖਕ ਅਤੇ ਉਸਦੀ ਭੈਣ ਨੇ ਸੜਕ ਪਾਰ ਕਰਨ ਦੇ ਡਰ ਨੂੰ ਦਬਾਉਣ ਲਈ ਕਹਾਣੀ ਸੁਣਾਉਣ ਦਾ ਤਰੀਕਾ ਸੋਚਿਆ।

ਪ੍ਰਸ਼ਨ :- ਭੈਣ-ਭਰਾ ਸੜਕ ਪਾਰ ਕਰਨ ਵਿੱਚ ਕਿਵੇਂ ਸਫਲ ਹੋਏ?

ਉੱਤਰ:- ਭੈਣ-ਭਰਾ ਆਪਣੀ ਮਾਂ ਪੇਮੀ ਦਾ ਨਾਂ ਲੈ ਕੇ ਸੜਕ ਪਾਰ ਕਰਨ ਵਿੱਚ ਸਫਲ ਹੋਏ।

## ਵਾਕਾਂ ਵਿੱਚ ਵਰਤੋ:-

ਮੁਸ਼ਕਲ-ਘਾਟੀ:-ਬੱਚਿਆਂ ਨੂੰ ਸੜਕ ਪਾਰ ਕਰਨਾ ਮੁਸ਼ਕਲ-ਘਾਟੀ ਲਗਦਾ ਸੀ।

ਸ਼ਰਨ:-ਅਸੀਂ ਪਰਮਾਤਮਾ ਦੀ ਸ਼ਰਨ ਵਿੱਚ ਆ ਗਏ ਹਾਂ।

ਮੰਤਵ:-ਮੇਰਾ ਮੰਤਵ ਪੜ੍ਹ-ਲਿਖ ਕੇ ਅਫਸਰ ਬਣਨਾ ਹੈ।

ਰੁਝੇਵੇਂ:-ਅੱਜ-ਕੱਲ੍ਹ ਲੋਕਾਂ ਨੂੰ ਬਹੁਤ ਰੁਝੇਵੇਂ ਹਨ।

ਗੁਸਤਾਖ਼ੀ:-ਮੇਰੇ ਕੋਲੋਂ ਅੱਜ ਗੁਸਤਾਖ਼ੀ ਹੋ ਗਈ ਹੈ।

ਦਿਲ਼ਾਸਾ:- ਮੇਰੀ ਭੈਣ ਨੇ ਮੈਨੂੰ ਦਿਲ਼ਾਸਾ ਦਿੱਤਾ।


ਠਠੰਬਰ ਕੇ:-ਲੇਖਕ ਠਠੰਬਰ ਕੇ ਖਲੋ ਗਿਆ।

ਘਾਤ ਲਾਈ ਖਲੋਤਾ:-ਸ਼ੇਰ ਸ਼ਿਕਾਰ ਲਈ ਘਾਤ ਲਾਈ ਖਲੋਤਾ ਸੀ।

## ਔਖੇ ਸ਼ਬਦਾਂ ਦੇ ਅਰਥ ਲਿਖੋ।

| | | |
|---|---|---|
| ਬੀਰ | : | ਵੀਰ |
| ਪਠੋਰੇ | : | ਲੇਲੇ |
| ਵਾਕੁਰ | : | ਵਾਂਗ |
| ਭੈ-ਸਾਗਰ | : | ਭਵ-ਸਾਗਰ |
| ਮਦਰਸਾ | : | ਸਕੂਲ |
| ਕਰਾਰ | : | ਵਚਨ , ਇਕਰਾਰ |
| ਠਠੰਬਰ ਕੇ | : | ਡਰ ਕੇ |
| ਘਮਾਉਂ ਕੁ | : | ਅੱਠ ਕਨਾਲ਼ ਥਾਂ |
| ਸੂਫ਼ | : | ਕਾਲੇ ਰੰਗ ਦਾ ਕੱਪੜਾ |
| ਵਾਸਕਟ | : | ਫ਼ਤੂਹੀ |
| ਭਲੱਪਣ | : | ਭਲਿਆਈ |
| ਭੇਕਰਾਰ | : | ਬੇਚ |
| ਢਾਰਸ | : | ਦਿਲਾਸਾ |

# ਪਾਠ -3 ਛਿੰਝ ਛਰਾਹਾਂ ਦੀ



ਪ੍ਰਸ਼ਨ :- ਛਿੰਝ ਛਰਾਹਾਂ ਦੀ' ਦਾ ਮੇਲਾ ਕਿੱਥੇ ਅਤੇ ਕਦੋਂ ਲਗਦਾ ਹੈ ? ਇਸ ਮੇਲੇ ਦਾ ਇਹ ਨਾਂ ਕਿਵੇਂ ਪਿਆ ?

ਉੱਤਰ:-'ਛਿੰਝ ਛਰਾਹਾਂ ਦੀ' ਦਾ ਮੇਲਾ ਪਿੰਡ ਅੱਚਲਪੁਰ (ਛਰਾਹਾਂ) ਵਿਖੇ ਹਰ ਵਰ੍ਹੇ ਮੱਘਰ ਮਹੀਨੇ ਦੇ ਜੇਠੇ ਐਤਵਾਰ ਨੂੰ ਲਗਦਾ ਹੈ।ਛੇ ਰਾਹਾਂ ਦਾ ਕੇਂਦਰ ਬਿੰਦੂ ਹੁਣ ਕਰਕੇ ਇਸ ਮੇਲੇ ਦਾ ਨਾਂ 'ਛਿੰਝ ਛਰਾਹਾਂ ਦੀ'ਪੈ ਗਿਆ।

ਪ੍ਰਸ਼ਨ :-ਇਸ ਮੇਲੇ ਵਿੱਚ ਕਿਹੜੀਆਂ-ਕਿਹੜੀਆਂ ਰਸਮਾਂ ਨਿਭਾਈਆਂ ਜਾਂਦੀਆਂ ਹਨ?

ਉੱਤਰ:-ਮੇਲੇ ਦੇ ਐਤਵਾਰ ਤੋਂ ਇੱਕ ਮਹੀਨਾ ਪਹਿਲਾਂ ਚਾਰ ਜੱਗ ਕਰਕੇ ਰਸਮਾਂ ਨਿਭਾਈਆਂ ਜਾਂਦੀਆਂ ਹਨ।

ਪ੍ਰਸ਼ਨ :-ਕਿਰਸਾਨੀ ਜੀਵਨ ਅਤੇ ਆਮ ਲੋਕਾਂ ਦਾ ਇਸ ਮੇਲੇ ਨਾਲ ਸੰਬੰਧ ਕਿਵੇਂ ਜੁੜਿਆ ਹੋਇਆ ਹੈ?

ਉੱਤਰ:-ਲੋਕ ਆਪਣੀ ਮੱਕੀ ਦੀ ਫਸਲ ਸਾਂਭ ਲੈਂਦੇ ਹਨ।ਕਣਕ ਦੀ ਬਿਜਾਈ ਦਾ ਕੰਮ ਖਤਮ ਹੋ ਜਾਂਦਾ ਹੈ।ਕਿਸਾਨ ਅਤੇ ਆਮ ਲੋਕ ਵਿਹਲੇ ਹੁੰਦੇ ਹਨ।ਇਸ ਕਰਕੇ ਮੇਲੇ ਦਾ ਸੰਬੰਧ ਆਮ ਲੋਕਾਂ ਅਤੇ ਕਿਰਸਾਨੀ ਜੀਵਨ ਨਾਲ ਜੁੜਿਆ ਹੋਇਆ ਹੈ।

ਪ੍ਰਸ਼ਨ :-ਸਮੇਂ ਦੇ ਬੀਤਣ ਨਾਲ ਇਸ ਮੇਲੇ ਵਿੱਚ ਕਿਹੜਾ ਅੰਤਰ ਦੇਖਣ ਨੂੰ ਮਿਲਦਾ ਹੈ?

ਉੱਤਰ:-ਸਮੇਂ ਦੇ ਬੀਤਣ ਨਾਲ ਮੇਲੇ ਵਿੱਚ ਅੰਤਰ ਆ ਗਿਆ ਹੈ।ਪਿੰਡਾਂ ਵਿੱਚ ਹੱਟੀਆਂ ਖੁੱਲਣ ਕਰਕੇ ਖ਼ਰੀਦੋ-ਫ਼ਰੋਖਤ ਵਿੱਚ ਕਮੀ ਆ ਗਈ ਹੈ।ਬਲ਼ਦਾਂ ਦੀ ਮੰਡੀ ਗ਼ਾਇਬ ਹੋ ਗਈ ਹੈ।

ਪ੍ਰਸ਼ਨ :- ਪੁਰਾਣੇ ਸਮੇਂ ਵਿੱਚ ਇਸ ਮੇਲੇ ਪ੍ਰਤੀ ਲੋਕਾਂ ਦਾ ਉਤਸ਼ਾਹ ਕਿਹੋ-ਜਿਹਾ ਹੁੰਦਾ ਸੀ?

ਉੱਤਰ:-ਪੁਰਾਣੇ ਸਮਿਆਂ ਵਿੱਚ ਇਸ ਮੇਲੇ ਪ੍ਰਤੀ ਲੋਕਾਂ ਵਿੱਚ ਬਹੁਤ ਉਤਸ਼ਾਹ ਹੁੰਦਾ ਸੀ। ਇੱਕ ਮਹੀਨਾ ਪਹਿਲਾਂ ਹੀ ਲੋਕ ਘਰਾਂ ਨੂੰ ਸ਼ਿੰਗਾਰ ਲੈਂਦੇ ਸਨ।ਘਰਾਂ ਵਿੱਚ ਪਰਾਹੁਣੇ ਆ ਜਾਂਦੇ ਸਨ।ਘਰ-ਘਰ ਮਾਂਹ ਦੀ ਦਾਲ ਬਣਾਈ ਜਾਂਦੀ ਸੀ।

ਪ੍ਰਸ਼ਨ :- 'ਛਰਾਹਾਂ ਦੀ ਛਿੰਝ' ਦੇ ਮੇਲੇ ਦਾ ਦ੍ਰਿਸ਼-ਵਰਨਣ ਕਰੋ।

ਉੱਤਰ:-'ਛਰਾਹਾਂ ਦੀ ਛਿੰਝ' ਦੇ ਮੇਲੇ ਵਿੱਚ ਬਹੁਤ ਰੌਣਕ ਹੁੰਦੀ ਸੀ।ਮੁਟਿਆਰਾਂ ਅਤੇ ਗੱਭਰੂ ਟੋਲੀਆਂ ਬਣਾ ਕੇ ਮੇਲੇ ਵਿੱਚ ਪਹੁੰਚਦੇ ਸਨ।ਮੇਲੇ ਵਿੱਚ ਇੰਨੀ ਜਿਆਦਾ ਭੀੜ ਹੁੰਦੀ ਸੀ ਕਿ ਮੋਟਰ-ਗੱਡੀਆਂ ਦਾ ਸੜਕ ਤੋਂ ਗੁਜ਼ਰਨਾ ਮੁਹਾਲ ਹੋ ਜਾਂਦਾ ਸੀ।

## ਵਾਕਾਂ ਵਿੱਚ ਵਰਤੋ:-

ਘੁੱਗ ਵੱਸਦੇ:-ਅੱਚਲਪੁਰ ਘੁੱਗ ਵੱਸਦਾ ਇੱਕ ਪੱਛੜਿਆ ਇਲਾਕਾ ਹੈ।

ਆਪ ਮੁਹਾਰੇ:-ਮਸ਼ਹੂਰ ਟੋਟਕੇ ਆਪ ਮੁਹਾਰੇ ਜ਼ੁਬਾਨ ਤੇ ਆ ਜਾਂਦੇ ਹਨ।

ਸਸ਼ੋਭਿਤ:-ਸਾਡੇ ਪਿੰਡ ਪ੍ਰਾਚੀਨ ਮੰਦਰ ਸਸ਼ੋਭਿਤ ਹੈ।

ਨਤਮਸਤਕ ਹੋਣਾ:- ਅਸੀਂ ਗੁਰਦੁਆਰੇ ਨਤਮਸਤਕ ਹੁੰਦੇ ਹਾਂ।

ਪ੍ਰਦਰਸ਼ਨੀ:-ਸਾਡੇ ਸਕੂਲ਼ ਫੁੱਲਾਂ ਦੀ ਪ੍ਰਦਰਸ਼ਨੀ ਲੱਗੀ।

ਪੱਬਾਂ ਭਾਰ ਹੋਣਾ:-ਅਸੀਂ ਕਰੋਨਾ ਬਿਮਾਰੀ ਨੂੰ ਖਤਮ ਕਰਨ ਲਈ ਪੱਬਾਂ ਭਾਰ ਹੋ ਗਏ।

ਹਫੜਾ-ਦਫੜੀ:- ਅੱਜ ਕੋਲ਼ ਹਫੜਾ-ਦਫੜੀ ਦਾ ਦੌਰ ਚੱਲ ਰਿਹਾ ਹੈ।

ਅਸਮਾਨ ਛੂੰਹਦੇ:-ਮੈਂ ਅਸਮਾਨ ਛੂੰਹਦੇ ਪਹਾੜ ਦੇਖ ਕੇ ਹੈਰਾਨ ਹੋ ਗਿਆ।

ਸਰਸ਼ਾਰ ਕਰ ਦੇਣਾ:-ਚੰਗੀ ਮਿਲੀ ਖ਼ਬਰ ਨੇ ਮੇਰੀ ਰੂਹ ਨੂੰ ਸਰਸ਼ਾਰ ਕਰ ਦਿੱਤਾ।

**ਔਖੇ ਸ਼ਬਦਾਂ ਦੇ ਅਰਥ ਲਿਖੋ।**

ਸ਼ੁਕੀਨ : ਸ਼ੌਂਕ

ਟੋਟਕਾ : ਜਾਦੂ

ਵਿਰਾਸਤੀ : ਜੋ ਖਜ਼ਾਨਾ ਜਾਂ ਜ਼ਮੀਨ ਮਰਨ ਵਾਲਾ ਆਪਣੇ ਪਿਛਲਿਆਂ ਲਈ ਛੱਡ ਜਾਵੇ।

ਮੰਨਤ : ਸੁੱਖਣਾ

ਦਰਪਣ : ਮੂੰਹ ਦੇਖਣ ਵਾਲਾ ਸ਼ੀਸ਼ਾ

ਮਕਬੂਲੀਅਤ : ਪ੍ਰਸਿੱਧੀ


ਮੁਹਾਲ : ਮੁਸ਼ਕਲ

ਮਹਿਜ਼ : ਕੇਵਲ , ਸਿਰਫ਼

ਬਰਕਰਾਰ : ਕਾਇਮ

ਸਰਸ਼ਾਰ : ਭਰਪੂਰ

## ਪਾਠ 4 ਸ੍ਰੀ ਗੁਰੂ ਅਰਜਨ ਦੇਵ ਜੀ



ਪ੍ਰਸ਼ਨ :- ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ ਕਦੋਂ ਹੋਇਆ ? ਆਪ ਜੀ ਦੇ ਮਾਤਾ-ਪਿਤਾ ਦਾ ਨਾਂ ਸੀ ?

ਉੱਤਰ:-ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ 15 ਅਪ੍ਰੈਲ 1563 ਈਸਵੀ ਨੂੰ ਹੋਇਆ।ਆਪ ਜੀ ਦੇ ਮਾਤਾ ਦਾ ਨਾਂ ਬੀਬੀ ਭਾਨੀ ਜੀ ਅਤੇ ਪਿਤਾ ਦਾ ਨਾਂ ਸ੍ਰੀ ਗੁਰੂ ਰਾਮਦਾਸ ਜੀ ਸੀ।

ਪ੍ਰਸ਼ਨ :- ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੁੱਢਲੀ ਵਿੱਦਿਆ ਕਿੱਥੋਂ ਪ੍ਰਾਪਤ ਕੀਤੀ ?

ਉੱਤਰ:-ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੁੱਢਲੀ ਵਿੱਦਿਆ ਬਾਬਾ ਬੁੱਢਾ ਜੀ ਤੋਂ ਪ੍ਰਾਪਤ ਕੀਤੀ।

ਪ੍ਰਸ਼ਨ :-ਗੁਰੂ ਅਰਜਨ ਦੇਵ ਜੀ ਨੂੰ 'ਦੋਹਿਤਾ ਬਾਣੀ ਕਾ ਬੋਹਿਥਾ' ਦਾ ਵਰ ਕਿਸ ਨੇ ਦਿੱਤਾ ਅਤੇ ਆਪ ਇਸ ਕਥਨ ਉੱਤੇ ਕਿਵੇਂ ਖਰੇ ਉੱਤਰੇ ?

ਉੱਤਰ:-ਆਪ ਜੀ ਨੂੰ ਇਹ ਵਰ ਸ੍ਰੀ ਗੁਰੂ ਅਮਰਦਾਸ ਜੀ ਨੇ ਦਿੱਤਾ ਸੀ । ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕੁੱਲ 5894 ਸ਼ਬਦਾਂ ਵਿੱਚੋਂ 2218 ਸ਼ਬਦ ਆਪ ਜੀ ਦੇ ਹੋਣ ਕਾਰਨ ਇਹ ਕਥਨ ਸੱਚ ਹੋਇਆ।

ਪ੍ਰਸ਼ਨ :- ਗੁਰੂ ਅਰਜਨ ਦੇਵ ਜੀ ਦੀ ਸ਼ਾਹਕਾਰ ਰਚਨਾ ਕਿਹੜੀ ਹੈ ? ਇਸ ਬਾਰੇ ਕੁਝ ਸਤਰਾਂ ਲਿਖੋ ?

ਉੱਤਰ:-ਆਪ ਜੀ ਦੀ ਸ਼ਾਹਕਾਰ ਰਚਨਾ 'ਸੁਖਮਨੀ ਸਾਹਿਬ' ਹੈ।ਇਸਦਾ ਵਿਸ਼ਾ ਰੱਬੀ ਪ੍ਰੇਮ,ਭਗਤੀ ਅਤੇ ਸਿਮਰਨ ਵਾਲਾ ਹੈ।

ਪ੍ਰਸ਼ਨ :- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਕੰਮ ਕਿਸ ਨੇ ਕੀਤਾ ਅਤੇ ਇਹ ਕਾਰਜ ਕਦੋਂ ਸੰਪੂਰਨ ਹੋਇਆ ?

ਉੱਤਰ:-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਕੰਮ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤਾ ਅਤੇ ਇਹ ਕਾਰਜ 1604 ਈਸਵੀ ਵਿੱਚ ਸੰਪੂਰਨ ਹੋਇਆ।

ਪ੍ਰਸ਼ਨ :- ਸ੍ਰੀ ਹਰਮਿੰਦਰ ਸਾਹਿਬ ਦੀ ਨੀਂਹ ਕਿਸ ਤੋਂ ਅਤੇ ਕਦੋਂ ਰਖਵਾਈ ਗਈ ?

ਉੱਤਰ:- ਸ੍ਰੀ ਹਰਮਿੰਦਰ ਸਾਹਿਬ ਦੀ ਨੀਂਹ ਮੁਸਲਮਾਨ ਫ਼ਕੀਰ ਸਾਂਈਂ ਮੀਆਂ ਮੀਰ ਤੋਂ 1588 ਈਸਵੀ ਵਿੱਚ ਰਖਵਾਈ ਗਈ।

ਪ੍ਰਸ਼ਨ :-ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿਹੜੇ-ਕਿਹੜੇ ਭਗਤਾਂ ਦੀ ਬਾਣੀ ਦਰਜ਼ ਹੈ ? ਕੋਈ ਪੰਜ ਦੇ ਨਾਂ ਲਿਖੋ।

ਉੱਤਰ:-ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਾਬਾ ਫ਼ਰੀਦ ਜੀ, ਕਬੀਰ ਜੀ, ਬਾਬਾ ਨਾਮਦੇਵ ਜੀ, ਪੀਪਾ ਜੀ ਅਤੇ ਰਾਮਾ ਨੰਦ ਜੀ ਦੀ ਬਾਣੀ ਦਰਜ ਹੈ।

ਪ੍ਰਸ਼ਨ :-ਗੁਰੂ ਅਰਜਨ ਦੇਵ ਜੀ ਨੇ ਜਨਤਿਕ ਭਲਾਈ ਦੇ ਕਿਹੜੇ-ਕਿਹੜੇ ਕੰਮ ਕੀਤੇ ?

ਉੱਤਰ:-ਆਪ ਜੀ ਨੇ ਜਨਤਿਕ ਭਲਾਈ ਲਈ ਸੰਤੋਖ ਸਰ ਤੇ ਰਾਮਸਰ ਸਰੋਵਰ ਬਣਵਾਏ।ਲਾਹੌਰ ਵਿੱਚ ਬਾਉਲ਼ੀ ਬਣਵਾਈ।ਤਰਨਤਾਰਨ ਵਿੱਚ ਅਕਾਰ ਪੱਖੋਂ ਕਾਫੀ ਵੱਡਾ ਸਰੋਵਰ ਤਿਆਰ ਕਰਵਾਇਆ। ਤਰਨਤਾਰਨ ਵਿੱਚ ਯਤੀਮਾਂ ਤੇ ਕੋੜ੍ਹੀਆਂ ਲਈ ਹਸਪਤਾਲ ਬਣਾਇਆ।

ਪ੍ਰਸ਼ਨ :- ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਬਾਰੇ ਚਾਨਣਾ ਪਾਓ।

ਉੱਤਰ:-ਸਿੱਖ ਧਰਮ ਵਿੱਚ ਪਹਿਲੀ ਸ਼ਹੀਦੀ ਆਪ ਜੀ ਦੀ ਹੋਈ।ਆਪ ਜੀ ਨੂੰ ਮੁਗ਼ਲ ਹਕੂਮਤ ਨੇ ਬਹੁਤ ਤਸੀਹੇ ਦਿੱਤੇ ।ਆਪ ਜੀ ਨੂੰ ਤੱਤੀ ਤਵੀ ਤੇ ਬਠਾਇਆ ਗਿਆ ਅਤੇ ਗਰਮ ਰੇਤ ਆਪ ਜੀ ਦੇ ਸੀਸ ਉੱਪਰ ਪਾਈ।ਆਪ ਜੀ ਨੇ ਇਸਲਾਮ ਧਰਮ ਕਬੂਲ ਨਹੀਂ ਕੀਤਾ ਅਤੇ ਅਡੋਲ ਰਹੇ।

## ਵਾਕਾਂ ਵਿੱਚ ਵਰਤੋ:-

ਜੀਵਨ-ਜਾਚ:-ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਆਪਣੇ ਮਾਤਾ ਪਿਤਾ ਦੀ ਜੀਵਨ-ਜਾਚ ਵਿਰਸੇ ਵਿੱਚ ਪ੍ਰਾਪਤ ਹੋਈ।

ਸ਼ਾਹਕਾਰ ਰਚਨਾ:-ਸੁਖਮਨੀ ਸਾਹਿਬ ਆਪ ਜੀ ਦੀ ਸ਼ਾਹਕਾਰ ਰਚਨਾ ਹੈ।

ਵੱਡ-ਆਕਾਰੀ:-ਗੁਰੂ ਜੀ ਨੇ ਬਾਣੀ ਵੱਡ-ਆਕਾਰੀ ਧਰਮ ਗ੍ਰੰਥ ਦੇ ਰੂਪ ਵਿੱਚ ਇਕੱਤਰ ਕੀਤੀ ਸੀ।

ਮੁਹਾਰਤ:-ਸਾਨੂੰ ਹਰ ਕੰਮ ਵਿੱਚ ਮੁਹਾਰਤ ਹਾਸਿਲ ਕਰਨੀ ਚਾਹੀਦੀ ਹੈ।

ਯੋਗਦਾਨ:-ਸਾਨੂੰ ਸਕੂਲ ਦੇ ਹਰੇਕ ਕੰਮ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।

ਸ਼ਹਾਦਤ:- ਗੁਰੂ ਜੀ ਨੇ ਸ਼ਹਾਦਤ ਪ੍ਰਾਪਤ ਕੀਤੀ।

ਅਡੋਲ:-ਗੁਰੂ ਜੀ ਨੇ ਪਰਮਾਤਮਾ ਦਾ ਭਾਣਾ ਅਡੋਲ ਰਹਿ ਕੇ ਮੰਨਿਆ।

### ਔਖੇ ਸ਼ਬਦਾਂ ਦੇ ਅਰਥ ਲਿਖੋ:

| | | |
|---|---|---|
| ਵਿਰਸਾ | : | ਜੱਦੀ ਜਾਇਦਾਦ |
| ਬਖ਼ੂਬੀ | : | ਬਹੁਤ ਚੰਗੀ ਤਰ੍ਹਾਂ |
| ਉਪਰਾਮ | : | ਉਦਾਸ |
| ਮਨਸੂਬਾ | : | ਇਰਾਦਾ |
| ਵੰਨਗੀਆਂ | : | ਕਿਸਮਾਂ |
| ਹਿਰਦੇਵੇਧਕ | : | ਦੁਖਾਵੀਂ |
| ਸਰਤਾਜ | : | ਸਿਰ ਦਾ ਮੁਕਟ |
| ਪੁੰਜ | : | ਸਮੂਹ, ਢੇਰ |
| ਬਾਉਲ਼ੀ | : | ਉਹ ਖੂਹ ਜਿਸ ਦੇ ਪਾਣੀ ਤੱਕ ਪਹੁੰਚਣ ਲਈ ਇੱਟਾਂ ਦੀਆਂ ਪੌੜੀਆਂ ਬਣੀਆਂ ਹੋਣ |
| ਤਸੀਹੇ | : | ਤਕਲੀਫ਼ਾਂ |
| ਲਾਹੌਰ | : | ਪਾਕਿਸਤਾਨ ਦੇ ਇੱਕ ਸ਼ਹਿਰ ਦਾ ਨਾਂ। |

## ਪਾਠ-5 ਉੱਦਮ ਕਰੀਂ ਜਰੂਰ (ਕਵਿਤਾ)

ਪ੍ਰਸ਼ਨ 1 ਓ ਜੇ ਕਿਧਰੇ ਹਾਰਾਂ ਲੋਕ ਤੋੜਨ, ਮਨ ਹੋ ਜਾਏ ਨਿਰਾਸ਼। ਜ਼ਿੰਦਗੀ ਜਾਣੀਂ ਘੋਲ ਲੰਮੇਰਾ,ਜਿੱਤ ਵਿੱਚ ਰੱਖ ਵਿਸ਼ਵਾਸ।

ਉੱਤਰ:-ਕਵੀ ਕਹਿੰਦਾ ਹੈ ਕਿ ਜੇਕਰ ਤੈਨੂੰ ਹਰ ਪਾਸਿਓਂ ਹਾਰ ਮਿਲਨ ਕਰਕੇ ਤੇਰਾ ਮਨ ਨਿਰਾਸ਼ ਹੋ ਜਾਵੇਗਾ ਤਾਂ ਸਮਝ ਲੈਣਾ ਕਿ ਜ਼ਿੰਦਗੀ ਦਾ ਘੋਲ ਲੰਮਾ ਹੈ।ਇਸ ਕਰਕੇ ਤੂੰ ਜਿੱਤ ਵਿੱਚ ਵਿਸ਼ਵਾਸ ਰੱਖੀਂ।

ਪ੍ਰਸ਼ਨ ਅ :-ਸਿਦਕ,ਲਗਨ ਦੇ ਤਕੜੇ ਖੰਭੀਂ,ਉੱਡਣਾ ਉੱਚ-ਅਸਮਾਨੀ।ਥਲ,ਸਾਗਰ ਵੀ ਰੋਕ ਸਕਣ ਨਾ, ਤੇਰੀ ਸਹਿਜ ਰਵਾਨੀ।

ਉੱਤਰ:- ਕਵੀ ਕਹਿੰਦਾ ਹੈ ਕਿ ਤੂੰ ਸਿਦਕ ਲਗਨ ਨਾਲ ਅੱਗੇ ਵਧੀ ਚਲ। ਇਸ ਤਰ੍ਹਾਂ ਕਰਨ ਨਾਲ ਧਰਤੀ ਅਤੇ ਸਮੁੰਦਰ ਵੀ ਤੇਰੀ ਤਰੱਕੀ ਦੀ ਰਵਾਨੀ ਨੂੰ ਰੋਕ ਨਹੀਂ ਸਕਦੇ।

ਪ੍ਰਸ਼ਨ 2 :-ਉੱਦਮ ਕਰਨ ਨਾਲ ਸਾਨੂੰ ਕੀ ਕੁੱਝ ਪ੍ਰਾਪਤ ਹੁੰਦਾ ਹੈ?

ਉੱਤਰ:- ਉੱਦਮ ਕਰਨ ਨਾਲ ਸਾਨੂੰ ਸਾਡੀ ਮੰਜ਼ਲ ਪ੍ਰਾਪਤ ਹੁੰਦੀ ਹੈ।ਉੱਦਮ ਕਰਨ ਨਾਲ ਸਾਡੇ ਹੱਥ ਖਾਲੀ ਨਹੀਂ ਰਹਿੰਦੇ ਅਤੇ ਸਾਨੂੰ ਤਰੱਕੀ ਪ੍ਰਾਪਤ ਹੁੰਦੀ ਹੈ।

## ਵਾਕਾਂ ਵਿੱਚ ਵਰਤੋ:-

ਮੰਜ਼ਲ, ਉੱਦਮ :-*ਉੱਦਮ* ਕਰਨ ਨਾਲ ਸਾਨੂੰ *ਮੰਜ਼ਲ* ਪ੍ਰਾਪਤ ਹੁੰਦੀ ਹੈ।

ਨਿਰੰਤਰ:- ਸਾਨੂੰ ਨਿਰੰਤਰ ਮਿਹਨਤ ਕਰਨੀ ਚਾਹੀਦੀ ਹੈ।

ਸੁਗੰਧੀਆਂ:- ਸਾਨੂੰ ਪਿਆਰ ਦੀਆਂ ਸੁਗੰਧੀਆਂ ਵੰਡਣੀਆਂ ਚਾਹੀਦੀਆਂ ਹਨ।

ਸਿਦਕ:- ਸਿਦਕ ਨਾਲ ਮਿਹਨਤ ਕਰਕੇ ਮੰਜ਼ਲ ਪ੍ਰਾਪਤ ਹੁੰਦੀ ਹੈ।

ਸੱਖਣੇ ਹੱਥ:- ਉੱਦਮ ਕਰਨ ਨਾਲ ਹੱਥ ਸੱਖਣੇ ਨਹੀਂ ਰਹਿੰਦੇ।

ਲੱਕ ਤੋੜਨਾ:- ਹਾਰਾਂ ਵੀ ਉੱਦਮੀ ਮਨੁੱਖ ਦਾ ਲੱਕ ਨਹੀਂ ਤੋੜ ਸਕਦੀਆਂ।

## ਔਖੇ ਸ਼ਬਦਾਂ ਦੇ ਅਰਥ ਲਿਖੋ:

| | | |
|---|---|---|
| ਲੋਚੇਂ | : | ਚਾਹੇਂ |
| ਰਹਿਸਣ | : | ਰਹਿਣਗੇ |
| ਭਰਪੂਰ | : | ਭਰੇ ਹੋਏ |
| ਘੋਲ਼ | : | ਪਹਿਲਵਾਨਾ ਦੀ ਕੁਸ਼ਤੀ |
| ਦਾਸੀ | : | ਸੇਵਾ ਕਰਨ ਵਾਲੀ |
| ਸਿਦਕ | : | ਵਿਸ਼ਵਾਸ , ਭਰੋਸਾ |
| ਸਹਿਜ ਰਵਾਨੀ | : | ਸੁਭਾਵਿਕ ਚਾਲ |